ੴ ਸਤਿਗੁਰ ਪ੍ਰਸਾਦਿ ॥

# ਮਨੁੱਖੀ ਸਰੀਰ ਦੇ ਲਈ ਕੁਦਰਤ ਵਲੋਂ ਉਪਹਾਰ ਸਰੂਪ ਦਿਤੇ ਗਏ ਕੇਸਾਂ ਦਾ ਮਹਤੱਵ

ਅਤੇ

## ਫਾਂਸੀ ਦਾ ਦੰਡ ਝਲਣ ਤੋਂ ਪਹਿਲਾਂ

## ਸ਼ਹੀਦ ਭਗਤ ਸਿੰਘ ਦੀ,

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਗੋਸ਼ਠੀ

ਵਰਣਨ ਕਰਤਾ- ਖੁਦ ਭਾਈ ਸਾਹਿਬ ਰਣਧੀਰ ਸਿੰਘ ਜੀ।

ਸੂਰਾ ਸੋ ਪਹਿਚਨੀਐ, ਜੋ ਲਰੈ ਦੀਨ ਕੇ ਹੇਤੁ॥
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥


www.sikhworld.info

Donation : A/c HDFC : IFSC 0000450
04501570003814

ਪ੍ਰਕਾਸ਼ਕ
ਕ੍ਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ



ਲੇਖਕ: ਜਸਬੀਰ ਸਿੰਘ Ph. : (0172-2696891), 09988160484



Type Setting : Radheshyam Choudhary Mob. 09814966882



Guru's : Sahidi, Hindi Booklet, Punjabi Booklet, English Booklet, Life Style, Mitra Mandali, Gurbani Ukakashari & Gurbani Selected Tukan

Download Free

# ਭੂਮਿਕਾ

ਭਾਰਤ ਵਰਸ਼ ਦੀ ਅਜ਼ਾਦੀ ਦੀ ਲੜ੍ਹਾਈ ਵਿਚ ਅਨੇਕਾਂ ਦੇਸ਼ ਭਗਤਾਂ ਨੇ ਆਪਣੇ ਪ੍ਰਾਣਾਂ ਦੀ ਕੁਰਬਾਨੀ ਦਿਤੀ ਅਤੇ ਅਨੇਕਾਂ ਨੇ ਜੀਵਨ ਭਰ ਕੈਦਾਂ ਅਤੇ ਹੋਰ ਤਕਲੀਫ਼ਾ ਝੱਲੀਆਂ ਹਨ। ਬਹੁਤ ਸਾਰੇ ਅਜ਼ਾਦੀ ਦੇ ਮਤਵਾਲੇ ਅੰਗ੍ਰੇਜ਼ੀ ਸ਼ਾਸਨ ਦੀ ਕਰੂਰਤਾ ਝਲਦੇ ਹੋਏ ਜੀਵਨ ਭਰ ਲਈ ਅਪਾਹਿਜ਼ ਅਤੇ ਨਕਾਰਾ ਹੋ ਗਏ। ਇਨ੍ਹਾਂ ਲੋਕਾਂ ਵਿਚੋਂ ਕੁਝ ਇੱਕ ਦੀ ਕੁਰਬਾਨੀ ਉਸ ਸਮੇਂ ਦੀ ਮੀਡੀਆ ਦੁਆਰਾ ਪ੍ਰਕਾਸ਼ ਵਿਚ ਆਈਆਂ ਪਰ ਉਸ ਸਮੇਂ ਮੀਡੀਆ ਇਤਨੀ ਉਨਤੀ ਵਿਚ ਨਹੀਂ ਸੀ, ਓਹ ਹੱਲਾ ਮੁਢਲੀ ਹਾਲਤ ਵਿਚੋਂ ਉੱਭਰ ਹੀ ਰਿਹਾ ਸੀ। ਜਦੋਂ ਇਹ ਘਟਨਾ ਕਰਮ ਚਰਮ ਸੀਮਾ ਤੇ ਸੀ। ਇਸ ਲਈ ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਪ੍ਰਕਾਸ਼ ਵਿਚ ਨਹੀਂ ਆ ਸਕੀਆਂ। ਓਹ ਲੋਕ ਆਦ੍ਰਿਸ਼ ਹੀ ਰਹਿ ਗਏ। ਇਨ੍ਹਾਂ ਵਿੱਚੋਂ ਇੱਕ ਦੇਸ਼ ਭਗਤ ਸਨ ਸੰਤ ਪ੍ਰਾਵਿਰਤੀ ਦੇ ਵੀਰ ਪੁਰਖ ਭਾਈ ਰਣਧੀਰ ਸਿੰਘ ਜੀ। ਆਪ ਜੀ ਨੂੰ ਗੱਦਰ ਲਹਿਰ ਦੇ ਇੰਕਲਾਬੀਆਂ ਨਾਲ ਸਹਿਯੋਗ ਕਰਣ ਅਤੇ ਫੀਰੋਜ਼ਪੁਰ ਛਾਵਣੀ (ਕਿਲੇ) ਤੇ ਹਮਲਾ ਕਰਣੇ ਦੀ ਸਾਜਿਸ ਰਚਣ ਦੇ ਅਪਰਾਧ ਵਿਚ 30 ਮਾਰਚ 1916 ਈ. ਨੂੰ ਲਾਹੌਰ ਦੀ ਅਦਾਲਤ ਨੇ ਬਗਾਵਤ ਦੇ ਗੁਨਾਹ ਵਿਚ ਉੱਮਰ ਕੈਦ ਅਤੇ ਜਾਇਦਾਦ ਕੀ ਕੁਰਕੀ ਦੀ ਸਜਾ ਦਿਤੀ।

ਆਪ ਜੀ ਨੇ ਇਹ ਕੈਦ ਦੀ ਸਜਾ ਭਾਰਤ ਦੀਆਂ ਅਲੱਗ-ਅਲੱਗ ਜੇਲ੍ਹਾਂ ਵਿਚ ਭੋਗੀ, ਬਾਅਦ ਵਿਚ 4 ਅਕਤੂਬਰ 1930 ਈ. ਨੂੰ ਸੈਂਟਰਲ ਜੇਲ੍ਹ ਲਾਹੌਰ ਤੋਂ ਰਿਹਾ ਕਰ ਦਿਤਾ। ਉਸ ਸਮੇਂ ਦੀ ਕੌਮੀ ਮੀਡੀਆ ਨੇ ਆਪ ਨੂੰ ਕੋਈ ਵਿਸ਼ੇਸ਼ ਸਥਾਨ ਨਹੀਂ ਦਿਤਾ ਪਰ ਪੰਜਾਬੀ ਪੰਥਕ ਅਖਬਾਰਾਂ ਨੇ ਆਪ ਜੀ ਦੀ ਦੇਸ਼ ਭਗਤੀ ਨੂੰ ਉਭਾਰਿਆ। ਆਪ ਜੀ ਦੀ ਇਸ ਸਮੇਂ ਦੌਰਾਨ ਝੱਲੀਆਂ ਤਕਲੀਫਾ ਦਾ ਵਿਸ਼ਥਾਰ ਨਾਲ ਉੱਲੇਖ ਵੀ ਕੀਤਾ। ਜੇਕਰ ਆਪ ਜੀ ਲਈ ਇਹ ਆਖਿਆ ਜਾਵੇ ਕਿ ਆਪ ਜ਼ਿੰਦਾ ਸ਼ਹੀਦ ਹਨ ਤਾਂ ਇਹ ਕੋਈਅਤਿ ਕਥਨੀ ਨਹੀਂ ਹੋਵੇਗੀ। ਕਿਉਕਿ ਆਪ ਜੀ ਵਲੋਂ ਆਪਣੇ ਪਰਮ ਮਿੱਤਰ ਸਰਦਾਰ ਨਾਹਰ ਸਿੰਘ ਜੀ ਨੂੰ ਸਮੇਂ -ਸਮੇਂ ਤੇ ਲਿਖੀਆਂ ਗਈਆਂ

ਚਿੱਠੀਆਂ, ਜਿਨ੍ਹਾਂ ਵਿਚ ਜੇਲ੍ਹ ਦੀਆਂ ਤਕਲੀਫਾ, ਝਲੇ ਗਏ ਤਸੀਹਿਆ ਦਾ ਕੌੜਾ ਅਨੁਭਵ ਪ੍ਰਗਟ ਕੀਤਾ ਗਿਆ ਮਿਲਦਾ ਹੈ। ਇਹ ਗੱਲ, ਸ਼ਪਸ਼ਟ ਕਰਣੇ ਲਈ ਕਾਫ਼ੀ ਹੈ। ਆਪ ਜੀ ਦੀਆਂ ਜੇਲ੍ਹ ਚਿੱਠੀਆਂ" ਦੇ ਸੰਗ੍ਰਹਿ ਵਿੱਚੋਂ ਕੁਝ ਚੋਣਵੇਂ ਅੰਸ਼ ਦਾ ਸਾਰਸ਼ ਇਥੇ ਪਾਠਕਾਂ ਦੀ ਰੁਚੀ ਨੂੰ ਧਿਆਨ ਗੋਚਰੇ ਰਖਦੇ ਹੋਏ ਆਧੁਨਿਕ ਸ਼ੈਲੀ ਵਿਚ ਲਿਖਣ ਦੀ ਕੋਸ਼ੀਸ ਕਰ ਰਹੇ ਹਾਂ ਜੀ। ਆਸ ਹੈ ਪਾਠਕਜਨ ਤਰੁੱਟੀਆਂ ਨੂੰ ਖਿਮਾਂ ਕਰ ਦੇਣਗੇ।

**ਨੋਟ:-** ਅਸਲ ਵਿਚ ਪੁਸਤਕ ਜੇਲ੍ਹ ਚਿਠੀਆਂ, ਚਿੱਠੀਆਂ ਦਾ ਸੰਗ੍ਰਹ ਨ ਹੋਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸਵੈਜੀਵਨੀ ਹੀ ਹੈ।

ਵੈਸੇ ਤਾਂ ਆਪ ਜੀ ਦੀ ਹਰ ਇਕ ਚਿੱਠੀ ਅਦਭੁੱਤ ਵਰਣਨ ਯੋਗ ਹੈ ਪਰ ਇੱਕ ਛੋਟੇ ਕਿਤਾਬਚੇ ਦੇ ਰੂਪ ਵਿਚ ਮੁਫਤ ਵੰਡਣ ਲਈ ਇਥੇ ਸਿਰਫ ਦੋ ਘਟਨਾ ਕ੍ਰਮ ਭਾਵ ਦੋ ਕਾਡਾਂ ਦਾ ਹੀ ਸੰਖੇਪ ਰੂਪਵਿਚ ਵਰਵਨ ਕਰਣ ਦਾ ਉਪਰਾਲਾ ਕੀਤਾ ਗਿਆ ਹੈ ਜੀ।

## ਕੇਸਾਂ ਦਾ ਮਹੱਤਵ

ਭਾਈ ਸਾਹਿਬ ਰਣਧੀਰ ਸਿੰਘ ਜੀ ਜਦੋਂ ਨਾਗਪੁਰ (ਮਹਾਰਾਸ਼ਟਰ) ਜੇਲ ਵਿਚ ਕੈਦ ਸਨ। ਉਨ੍ਹਾਂ ਦਿਨ੍ਹਾਂ ਦੀ ਇਕ ਘਟਨਾ ਦਾ ਇਥੇ ਉਲੇਖ ਕੀਤਾ ਜਾ ਰਿਹਾ ਹੈ। ਇਕ ਦਿਨ ਭਾਈ ਸਾਹਿਬ ਨੇ ਜਦੋਂ ਕੇਸੀ ਇਸ਼ਨਾਨ ਕਰਣ ਉਪਰੰਤ ਕੇਸਾ ਨੂੰ ਤੇਲ ਲਗਾਉਣ ਲਗੇ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਤੇਲ ਜੋ ਉਨ੍ਹਾਂ ਨੂੰ ਇਸ ਵਾਰ ਦਿਤਾ ਗਿਆ ਹੈ ਉਹ ਬਦਬੂਦਾਰ ਅਤੇ ਹਲਕੇ ਮਿਆਰ ਦਾ ਹੈ। ਅਸਲ ਵਿਚ ਭ੍ਰਿਸ਼ਟਾਚਾਰ ਦੇ ਕਾਰਣ ਸਪਲਾਈ ਵਿਚ ਹੇਰਾ-ਫੇਰੀ ਕੀਤੀ ਗਈ ਸੀ। ਤਦ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਉਸ ਤੇਲ ਦੀ ਵਰਤੋਂ ਕਰਨੇ ਤੋਂ ਇਨਕਾਰ ਕਰ ਦਿਤਾ ਕਿਉਂਕਿ ਉਹ ਬਦਬੂਦਾਰ ਗੰਦੇ ਤੇਲ ਨੂੰ ਆਪਣੇ ਕੇਸਾਂ ਨੂੰ ਲਗਾਉਂਣ, ਲਈ ਸਹਮਤ ਨ ਹੋਏ। ਇਸ ਦਾ ਕਾਰਣ ਸੀ। ਉਹ ਬਦਬੂਦਾਰ ਤੇਲ ਲਗਾਣਾ ਕੇਸਾਂ ਦਾ ਅਪਮਾਨ ਕਰਨਾ ਸਮਝਦੇ ਸਨ। ਇਸ ਕਾਰਣ ਉਨ੍ਹਾਂ ਆਪਣੇ ਧਾਰਮਿਕ ਵਿਸਵਾਸ ਦੇ ਅਨੁਸਾਰ ਬਿਨਾਂ ਕੇਸਾਂ ਦੇ ਕੰਘਾ ਕੀਤੇ, ਅੰਨ-ਪਾਣੀ ਨਾ ਛਕਿਆ। ਉਥੋਂ ਦੇ ਸਥਾਨਿਕ ਕਰਮਚਾਰੀਆਂ ਨੇ ਭੋਜਨ ਨ ਗ੍ਰਹਣ ਕਰਣ ਦੀ

ਕਿਰਿਆ ਨੂੰ ਭਾਈ ਸਾਹਿਬ ਜੀ ਦੁਆਰਾ ਭੁੱਖ ਹੜਤਾਲ ਨੂੰ ਸ਼ੁੱਧ ਤੇਲ ਨ ਮਿਲਣ ਦਾ ਰੋਸ ਪ੍ਰਗਟ ਕਰਣਾ ਮੰਨਿਆ। ਭੁਖ ਹੜਤਾਲ ਦਾ ਕਾਰਜ ਜਦੋਂ ਚੋਥੇ ਦਿਨ ਵਿਚ ਪਹੁੰਚ ਗਿਆ ਤਾਂ ਇਹ ਗਲ ਜੇਲ ਦੇ ਪ੍ਰਮੁਖ ਅਧਿਕਾਰੀ, ਜੇਲ ਸੁਪਰਡੈਂਟ ਤੱਕ ਪਹੁੰਚੀ। ਉਹ ਉਸੀ ਵਕਤ ਭਾਈ ਸਾਹਿਬ ਜੀ ਨੂੰ ਮਿਲਨੇ ਪਹੁੰਚਿਆ ਉਸ ਨੇ ਸਾਰੀ ਘਟਨਾਂ ਕਰਮ ਨੂੰ ਧਿਆਨ ਨਾਲ ਸੁਣਿਆ ਅਤੇ ਕਹਿਆ-ਸਿੰਘ ਜੀ। ਮੈਂ ਆਪ ਜੀ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦਾ ਹਾਂ ਪਰ ਮੇਰੀ ਦ੍ਰਿਸ਼ਟੀ ਵਿਚ ਇਹ ਗੱਲ ਕੋਈ ਬਹੁਤ ਵਡੀ ਨਹੀਂ ਸੀ। ਜਿਸ ਤੇ ਤੁਸਾਂ ਨੇ ਭੁੱਖ ਹੜਤਾਲ ਕਰ ਦਿਤੀ ਹੈ! ਤਦ ਭਾਈ ਰਣਧੀਰ ਸਿੰਘ ਜੀ ਨੇ ਕਹਿਆ-ਸਾਡੇ ਧਾਰਮਿਕ ਵਿਸਵਾਸਾਂ ਅਨੁਸਾਰ ਕੇਸ ਕੁਦਰਤ ਵਲੋਂ ਮਨੁੱਖ ਨੂੰ ਦਿਤਾ ਗਿਆ ਇਕ ਅਮੁਲ ਤੋਫਾ ਹਨ ਅਸੀ ਲੋਕ ਇਨ੍ਹਾਂ ਨੂੰ ਆਪਣੇ ਪ੍ਰਾਣਾਂ ਤੋਂ ਵੀ ਕਿਤੇ ਵਦ ਪਿਆਰ ਕਰਦੇ ਹਾਂ। ਇਸ ਲਈ ਇਨ੍ਹਾਂ ਨੂੰ ਸਜਾਣੇ-ਸਵਾਰਨੇ ਵਿੱਚ ਕੋਈ ਕੁੱਤਾਈ ਨਹੀਂ ਕਰਦੇ। ਇਸ ਤਰ੍ਹਾਂ ਅਸੀ ਆਪਣੇ ਨਿਆਰੇ ਸਰੂਪ ਵਿਚ ਦ੍ਰਿਸਟੀਮਾਨ ਹੁੰਦੇ ਹਾਂ। ਇਸ ਤੇ ਸੁਪਰਡੈਂਟ ਪੁਲਿਸ (ਵਰਿਸ਼ਟ ਅਧਿਕਾਰੀ) ਨੇ ਕਹਿਆ-ਮੇਰੇ ਵਿਚਾਰ ਨਾਲ ਤਾਂ ਸਿਰ ਤੇ ਵਾਲਾਂ (ਕੇਸਾਂ) ਨੂੰ ਰਖਣੇ ਦੀ ਜਰੂਰਤ ਹੀ ਕੀ ਹੈ? ਇਸ ਗੰਭੀਰ ਪ੍ਰਸ਼ਨ ਦੇ ਉੱਤਰ ਵਿਚ ਭਾਈ ਰਣਧੀਰ ਸਿੰਘ ਜੀ ਨੇ ਬਹੁਤ ਹੀ ਧੀਰਜ ਨਾਲ ਸਹਿਜ ਲਹਿਜੇ ਵਿਚ ਉੱਤਰ ਦਿਤਾ ਜੇਕਰ ਮੈਂ ਪ੍ਰਸ਼ਨ ਕਰਾਂ ਕਿ ਸ਼ਰੀਰ ਦੇ ਨਾਲ ਸਿਰ ਨੂੰ ਰਖਣ ਦੀ ਕੀ ਲੋੜ ਹੈ?

ਜੇਲ੍ਹਰ-ਇਹ ਆਪ ਦਾ ਪ੍ਰਸ਼ਨ ਹਾਸੋਹੀਣਾ ਹੈ ਉਥੇ ਹੈਰਾਨੀ ਭਰਿਆ ਵੀ ਹੈ, ਜੇਕਰ ਅਸੀਂ ਸ਼ਰੀਰ ਤੋਂ ਸਿਰ ਨੂੰ ਅੱਡ ਕਰ ਦੇਵਾਂਗੇ ਤਾਂ ਸਾਡੀ ਹੋਂਦ ਹੀ ਖ਼ਤਮ ਹੋ ਜਾਵੇਗੀ! ਉੱਤਰ ਵਿਚ ਭਾਈ ਸਾਹਿਰ ਜੀ ਨੇ ਕਿਹਾ-ਓਹੀ ਤਾਂ ਮੈਂ ਕਹਿ ਰਿਹਾਂ। ਸਾਨੂੰ ਕੁਦਰਤ ਦੇ ਅਸੂਲਾਂ ਨੂੰ ਸਮਝਣਾਂ ਚਾਹੀਦਾ ਹੈ। ਜਿਸ ਤਰ੍ਹਾਂ ਸਿਰ ਸ਼ਰੀਰ ਦਾ ਅਨਿਖੜਵਾਂ ਅੰਗ ਹੈ, ਠੀਕ ਤੁਸੀ ਤਰ੍ਹਾਂ ਕੁਦਰਤ ਵਲੋਂ ਸਿਰ ਤੇ ਉਪਜੇ ਕੇਸ਼ ਵੀ ਮਨੁੱਖੀ ਸ਼ਰੀਰ ਦਾ ਅਨਿਖੜਵਾਂ ਅੰਗ ਹੀ ਹਨ। ਕੁਦਰਤ ਨੇ ਇਨ੍ਹਾਂ ਕੇਸਾਂ ਨੂੰ ਐਵੇ ਹੀ ਨਹੀਂ ਉਤਪਨ ਕਰ ਦਿਤਾ। ਮਨੁੱਖ ਨੂੰ ਇਸ ਦੇ ਪਿਛੇ ਛੁਪੇ ਹੋਏ ਬਹੁਤ ਸਾਰੇ ਅਦ੍ਰਿਸ਼ ਰਾਜ਼ਾਂ ਦੀ ਭਾਲ ਕਰਨੀ ਚਾਹੀਦੀ ਹੈ?

ਜੇਲ੍ਹਰ-ਕਿਰਪਾ ਕਰ ਦੇ ਆਪ ਇਨ੍ਹਾਂ ਅਦ੍ਰਿਸ਼ ਰਾਜ਼ਾਂ ਦਾ ਵਿਸਥਾਰ ਨਾਲ ਵਰਣਨ ਕਰੋ ਜੀ।

ਭਾਈ ਸਾਹਿਬ ਰਣਧੀਰ ਸਿੰਘ ਜੀ- ਆਪਾ ਸਾਰੇ ਕੁਦਰਤ ਵਲੋਂ ਉਤਪਨ ਭਾਂਤ-ਭਾਂਤ ਦੇ ਜੀਵ, ਜੰਤੂ ਯਾ ਬਨਾਸਪਤੀ-ਫੁੱਲ, ਬੂਟੇ ਆਦਿ ਵੇਖਦੇ ਹੀ ਹਾਂ। ਇਨ੍ਹਾਂ ਰੰਗ-ਬਿਰੰਗੇ ਜੀਵਾਂ, ਫੁਲਾਂ ਵਿਚ ਕੁਦਰਤ ਦਾ ਅਨੂਪ ਸੁਹਪਣ ਵਿਖਾਈ ਦੇਂਦਾ ਹੈ। ਕਿੱਤੇ ਕੋਈ ਭੁੱਲ-ਚੁੱਕ ਨਹੀਂ ਭਾਸ਼ਦੀ ਉਸ ਅਦਭੁਤ ਦ੍ਰਿਸ਼ਾਂ ਵਿਚ ਉਹ ਖੁਦ ਵਿਰਾਜਮਾਨ ਅਨੁਭਵ ਹੁੰਦਾ ਹੈ। ਉਸ ਦੀ ਕੋਈ ਵੀ ਕ੍ਰਿਤੀ ਐਵੇ ਨਹੀਂ। ਓਹ ਸਾਰਿਆ ਵਿੱਚ ਕੁਦਰਤ ਦੇ ਅਨੇਕਾਂ ਰਾਜ਼ਾ ਨੂੰ ਸਮੋਈ ਬੈਠੀਆਂ ਹਨ। ਇਸ ਲਈ ਸਾਨੂੰ ਉਨ੍ਹਾਂ ਰਾਜ਼ਾਂ ਨੂੰ ਜਾਣਨੇ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੁਦਰਤ ਵੱਲੋਂ ਰਚਿਆ ਮਨੁੱਖੀ ਸ਼ਰੀਰ ਉਸ ਦੀ ਸਰਵਸ਼੍ਰੇਸਟ ਰਚਨਾ ਹੈ। ਜੇਕਰ ਅਸੀ ਇਸ ਸਰੀਰ ਦੇ ਭੇਦਾਂ ਨੂੰ ਜਾਣਨੇ ਦੀ ਕੋਸ਼ੀਸ ਕਰੀਏ ਤਾਂ ਇਹ ਅਸੀਮ ਹਨ। ਜਿਦਾਂ ਕਿ ਤੁਸੀ ਜਾਣ ਦੇ ਹੀ ਹੋ ਕਿ ਸਾਡੇ ਵਿਗਿਆਨੀ ਅਤੇ ਡਾਕਟਰ ਮਨੁੰਖਾਂ ਦੇ ਵਿਭਿੰਨ ਅੰਗਾਂ ਜਾਣਨੇ ਦੀ ਕਈ ਸਲਾਂ ਤੋਂ ਕੋਸ਼ੀਸ ਕਰਦੇ ਚਲੇ ਆ ਰਹੇ ਹਨ ਪਰ ਓਹ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਹੱਲਾ ਸਾਡਿਆ ਖੋਜਾ ਮੁਢਲੀ ਅਵਸਥਾ ਵਿਚ ਹੀ ਹਨ। ਹੱਲਾ ਤਾਂ ਬਹੁਤ ਕੁਛ ਜਾਣਨਾ ਬਾਕੀ ਹੈ! ਜਿਸ ਤਰ੍ਹਾਂ ਸ਼ਰੀਰ ਦੇ ਵਿਭਿੰਨ ਅੰਗ ਦੀ ਖੋਜ ਕੇਦੇ ਪੂਰੀ ਨਹੀਂ ਹੋ ਪਾਏਗੀ। ਠੀਕ ਇਸੀ ਤਰ੍ਹਾਂ ਮਨੁੰਖੀ ਸਮਾਜ ਕੇਸਾਂ ਦੀ ਹੋਂਦ ਦੇ ਰਾਜ਼ਾਂ ਤੋਂ ਹੱਲਾਂ ਤਕ ਵਨਚਿਤ ਹੈ। ਪਰ ਜਿਨ੍ਹਾਂ ਮਹਾਪੁਰਖਾਂ ਨੇ ਆਪਣੇ ਆਤਮਿਕ ਬਲ (ਗਿਆਨ) ਨਾਲ ਇਸ ਗਲ ਨੂੰ ਖੋਜਿਆ ਹੈ ਓਹ ਜਾਣ ਗਏ ਸਨ ਕਿ ਸ਼ਰੀਰ ਦੇ ਸਾਰੇ ਰੋਮ ਅਤੇ ਖਾਸ ਕਰਕੇ ਸਿਰ ਦੇ ਕੇਸ(ਵਾਲ) ਅਨੰਤ ਸਕਤੀਆਂ ਦਾ ਭੰਡਾਰ ਆਪਣੇ ਵਿਚ ਸੰਜੋਈ ਬੈਠੀਆਂ ਹਨ। ਇਹ ਕੇਸ ਸਾਡੇ ਲਈ ਅਨੇਕਾਂ ਪ੍ਰਕਾਰ ਦੇ ਹਾਰਮੋਂਸ (Harmones) ਅਤੇ ਵਿਟਾਮਿਲਸ ਦਾ ਉਤਪਾਦਨ ਸ੍ਰੋਤ ਹਨ।

ਜਿਨ੍ਹਾਂ ਕਰਕੇ ਸਾਨੂੰ ਤੰਦਰੁਸਤ ਰਹਿਣ ਵਿਚ ਮੱਦਦ ਮਿਲਣ ਦੇ ਕਾਰਜ ਨੂੰ ਧਿਆਨ ਵਿਚ ਰਖਦੇ ਹੋਏ, ਇਨ੍ਹਾਂ ਰੋਮਾਂ ਜਾਂ ਕੇਸਾਂ ਨੂੰ ਉਸ ਖਾਸ ਅੰਗਾ ਤੇ ਲੋੜ ਅਨੁਸਾਰ ਉੱਗਣ ਦਾ ਪ੍ਰਬੰਧ ਕੀਤਾ ਹੁੰਦਾ ਹੈ। ਜੋਕਿ ਮਨੁੱਖ ਨੂੰ ਸੁੰਦਰਤਾ ਵੀ ਦੇਂਦੀਆਂ ਹਨ। ਖਾਸ ਕਰ ਕੇ ਮਰਦਾਂ ਦੀਆਂ ਮੁੱਛਾਂ ਉਸ ਦੇ ਚਿਹਰੇ ਨੂੰ ਤੇਜੋਮਏ ਬਣਾਂਦੀਆਂ ਹਨ ਅਤੇ ਵੀਰਤਾ ਦੀ ਪ੍ਰਤੀਕ ਹਨ। ਇਸੀ ਪ੍ਰਕਾਰ ਦਾੜੀ ਜੇਕਰ ਸੰਪੂਰਣ ਰੂਪ ਵਿੱਚ ਕਿਸੀ ਦੇ ਚਿਹਰੇ ਤੇ ਸ਼ੁਸ਼ੋਭਿਤ ਹੈ ਤਾਂ ਉਹ ਦੈਵੀ ਗੁਣਾਂ ਦੀ ਪ੍ਰਤੀਕ ਹੁੰਦੀ

ਹੈ। ਦੈਵੀ ਗੁਣਾਂ ਦਾ ਅਰਥ ਹੈ-ਦਇਆ, ਧੀਰਜ, ਨਿਮਰਤਾ, ਸਮਦ੍ਰਿਸ਼ਟ, ਸੱਚਿਆਰਾ ਇਤਿਆਦਿ। ਕੇਸ, ਦਾੜੀ ਅਤੇ ਮੁੱਛਾਂ ਮਨੁੱਖ ਦੀ ਸਖਸੀਅਤ ਨੂੰ ਨਿਖਾਰਦਾ ਹੀ ਨਹੀਂ ਬਲਕਿ ਸਮਾਜ ਵਿਚ ਉਸ ਨੂੰ ਇਜ਼ਤ ਵੀ ਦਿਵਾਉਂਦੀਆਂ ਹਨ। ਇਤਿਹਾਸ ਗਵਾਹ ਹੈ-ਸਾਰੇ ਮਹਾਪੁਰਖਾਂ ਦੇ ਕੇਸ, ਦਾੜੀ ਅਤੇ ਮੁੱਛਾ ਇਤਿਆਦਿ ਜਿਉਂ ਦੀਆਂ ਤਿਉਂ ਹੁੰਦੀਆਂ ਸਨ। ਓਹ ਲੋਕ ਕੁਦਰਤ ਵਲੋਂ ਬਖਸ਼ੇ ਗਏ ਇਨ੍ਹਾਂ ਰੋਮਾਂ ਦਾ ਕਿਤੇ ਵੀ ਖੰਡਨ ਨਹੀਂ ਕਰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਅਸੀ ਰੱਬ ਨੂੰ ਮੰਨਦੇ ਹਾਂ ਤਾਂ ਸਾਨੂੰ ਰਬ ਵਲੋਂ ਬਖਸ਼ੇ ਕੇਸਾਂ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਦਾ ਖੰਡਨ ਨਹੀਂ ਕਰਨਾਂ ਚਾਹਿਦਾ ਕਿਉਂਕਿ ਰਬ ਦੀ ਇੱਛਾ ਵੀ ਇਹ ਹੀ ਹੈ।

ਅੱਜ ਤਕ ਵਿਗਿਆਨੀਆਂ ਨੇ ਜਿਤਨੀ ਵੀ ਤੱਰਕੀ ਕੀਤੀ ਹੈ। ਉਨ੍ਹਾਂ ਲੋਕਾਂ ਨੇ ਇਸ ਗੱਲ ਨੂੰ ਮਨਿਆ ਹੈ ਕਿ ਅਸਲ ਵਿਚ ਉਨ੍ਹਾਂ ਕੁਦਰਤ ਦੇ ਅਸੂਲਾ ਨੂੰ ਹੀ ਖੋਜਿਆ ਹੈ ਅਤੇ ਉਸ ਦੀ ਨਕਲ ਕੀਤੀ ਹੈ। ਇਸ ਗੱਲ ਦਾ ਅਰਥ ਇਹ ਹੋਇਆ ਕਿ ਕੁਦਰਤ ਦੇ ਨਿਯਮਾਂ ਦੇ ਅਨੁਸਾਰ ਜੀਵਨ ਜੀਣੇ ਵਿਚ ਹੀ ਪ੍ਰਾਪਤੀਆ ਹਨ। ਕੇਸ ਕੁਦਰਤ ਵਲੋਂ ਉਪਹਾਰ ਸਰੂਪ ਸਾਨੂੰ ਮਿਲੇ ਹਨ। ਇਹ ਕੁਦਰਤ ਦਾ ਇੱਕ ਅਟਲ ਅਸੂਲ ਹੈ। ਹੁਣ ਸੁਆਲ ਇਹ ਉਠਦਾ ਹੈ ਕਿ ਆਪ ਲੋਕ ਕੇਸਾਂ ਨੂੰ ਕਿਉਂ ਕਟਦੇ ਹੋ? ਜਦੋਂ ਕਿ ਓਹ ਵਾਰ-ਵਾਰ (ਲਗਾਤਾਰ) ਉੱਗਦੇ ਹੀ ਚਲੇ ਆਉਂਦੇ ਹਨ।

ਜਿਸ ਤਰ੍ਹਾਂ ਕਿ ਤੁਸੀ ਜਾਣਦੇ ਹੀ ਹੋ- ਇਸਤਰੀਆਂ ਲੰਬੇ, ਘਣੇ ਕੇਸਾਂ ਲਈ ਇੱਛਾ ਰਖਦੀਆਂ ਹਨ। ਇਸ ਲਈ ਓਹ ਆਪਣੇ ਜੇਬ ਖਰਚ ਦਾ ਅੱਧਾ ਹਿੱਸਾ, ਇੱਕ ਖਾਸ ਤਰ੍ਹਾਂ ਦੇ ਤੇਲਾਂ ਦੀ ਖਰੀਦ ਦੇ ਲਈ ਖਰਚ ਕਰਦੀਆਂ ਹਨ। ਪ੍ਰਸ਼ਨ ਉੱਠਦਾ ਹੈ ਕਿਉਂ? ਇਸ ਦਾ ਉੱਤਰ ਹੈ- ਲੰਬੇ ਅਤੇ ਘਣੇ ਕੇਸ ਸੁੰਦਰਤਾ ਦੇ ਪ੍ਰਤੀਕ ਹਨ।

ਹੁਣ ਅਸੀਂ ਕੁਦਰਤ ਦੇ ਕੁਝ ਅਸੂਲਾਂ ਦਾ ਅਧਿਅਨ ਕਰਾਗੇ। ਕੁਦਰਤ ਨੇ ਨਰ ਨੂੰ ਨਾਰੀ ਦੀ ਤੁਲਨਾ ਵਿਚ ਸੁੰਦਰ ਅਤੇ ਸੁਦ੍ਰਿੜ ਸ਼ਰੀਰ ਬਖ਼ਸਿਆ ਹੈ, ਜਿੱਦਾਂ-ਪੰਛੀਆਂ ਵਿੱਚ ਮੋਰ ਸੁੰਦਰ ਹੈ ਮੋਰਨੀ ਨਹੀਂ, ਕੁੱਕੜ ਸੋਹਣਾ ਹੈ ਕੁੱਕੜੀ ਨਹੀਂ। ਇਸੀ ਤਰ੍ਹਾਂ ਪਸ਼ੂਆਂ ਵਿਚ ਸ਼ੇਰ ਸੋਹਣਾ ਹੈ, ਸ਼ੇਰਨੀ ਨਹੀਂ, ਬਲਦ ਸੋਹਣਾ ਹੈ- ਗਊ ਨਹੀਂ, ਠੀਕ ਇਸ ਤਰਾਂ ਪੁਰਸ਼ਾਂ ਨੂੰ ਕੁਦਰਤ ਨੇ ਕੇਸ,

ਦਾੜ੍ਹੀ ਅਤੇ ਮੁੱਛਾਂ ਦੇ ਕੇ ਖੁਦ ਸ਼ਿੰਗਾਰਿਆ ਹੈ। ਜਦੋਂ ਕਿ ਨਾਰੀਆ ਨੂੰ ਬਨਾਵਟੀ ਸ਼ਿੰਗਾਰ ਦੀ ਲੋੜ ਰਹਿੰਦੀ ਹੈ ਪਰ ਸੰਪੂਰਣ ਦਾੜ੍ਹੀ-ਮੁੱਛਾਂ ਵਾਲੇ ਮਨੁੱਖ -ਨਾਰੀ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਸੋਹਣਾ ਹੁੰਦਾ ਹੈ।

ਜਿਨ੍ਹਾਂ ਮਨੁੱਖਾਂ ਨੇ ਕੁਦਰਤ ਦੀ ਸ਼੍ਰੋਮਣੀ ਮਾਨਵ ਰਚਨਾਂ ਨੂੰ ਸਮਾਝਿਆ ਹੈ ਉਨ੍ਹਾਂ ਸ਼ਰੀਰ ਦੇ ਰੋਮਾਂ ਅਤੇ ਕੇਸਾਂ ਨੂੰ ਜਿਉਂ ਦਾ ਤਿਉਂ ਹੀ ਰੱਖਿਆ ਹੈ ਭਾਵ-ਅਰਥ ਇਹ ਉਨ੍ਹਾਂ ਨੇ ਇਨ੍ਹਾਂ ਵਾਲਾਂ ਨੂੰ (Good Gift) ਰਬੀ ਤੋਹਫਾ ਮੰਨਕੇ ਉਨ੍ਹਾਂ ਨੂੰ ਕੁਦਰਤੀ ਸੁਹਪਣ (Natural Beauty) ਮਹਿਸੂਸ ਕਰ ਦੇ ਹੋਏ ਉਨ੍ਹਾਂ ਦਾ ਰਖ-ਰਖਾਵ (Maintenance) ਹੀ ਕੀਤਾ ਹੈ, ਭਾਵ-ਅਰਥ ਇਹ ਹੋਇਆ ਕੇਸਾਂ ਨੂੰ ਕਟ-ਛਾਟ ਕੇ (Modification) ਬਦਲਾਵ ਨਹੀਂ ਕਰਦੇ। ਓਹ ਲੋਕ ਉਨ੍ਹਾਂ ਨੂੰ ਅੱਲਾਹੀ ਨੂਰ ਜਾਣ ਕੇ (As it is) ਜਿਵੇਂ ਦਾ ਤਿਵੇਂ ਹੀ ਰਖਦੇ ਹਨ।

ਇਕ ਵਿਦੇਸ਼ੀ ਦਾਨਿਸ਼ਵਰ ਆਰਨਲਡ ਟਾਇਨਬੀ ਨੇ ਸਾਰੇ ਸੰਸਾਰ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾ ਇਤਿਆਦਿ ਦਾ ਅਧਿਅਨ ਕੀਤਾ ਫਿਰ ਉਨ੍ਹਾਂ, ਇਸ ਵਿਸ਼ੇ ਤੇ ਇਕ ਪੁਸਤਕ ਲਿਖੀ। ਤਦ ਉਨ੍ਹਾਂ ਪਾਸੋ ਇੱਕ ਇਸਤਰੀ ਨੇ ਸੁਆਲ ਕੀਤਾ। ਕ੍ਰਿਪਾ ਕਰਕੇ ਇਹ ਦਸੋ ਕਿ ਸੰਸਾਰ ਵਿਚ ਸਭ ਤੋਂ ਸੋਹਣੇ ਲੋਕ ਕੋਣ ਹਨ? ਉਸ ਸੂਝਵਾਨ ਪੁਰਖ ਦਾ ਉੱਤਰ ਸੀ- ਸੰਸਾਰ ਵਿਚ ਜੇਕਰ ਕੋਈ ਸੁੰਦਰ ਪੁਰਖ ਹਨ ਤਾਂ ਓਹ ਹਨ ਸਾਬੁਤ-ਸੂਰਤ ਸਿੱਖ ਲੋਕ! ਇਹ ਸੁਣ ਕੇ ਉਸੀ ਇਸਤਰੀ ਨੇ ਦੂਜਾ ਸੁਆਲ ਕੀਤਾ। ਸੰਸਾਰ ਵਿਚ ਸਭ ਤੋਂ ਬਦਸੂਰਤ ਲੋਕ ਕੋਣ ਹਨ? ਇਸ ਸੁਆਲ ਦੇ ਉੱਤਰ ਵਿਚ ਉਸ ਵਿਦਵਾਨ ਪੁਰਖ ਦਾ ਕਹਿਣਾ ਸੀ-ਓਹ ਸਿੱਖ ਲੋਕ ਜਿਨ੍ਹਾਂ ਨੇ ਆਪਣੀ ਦਾੜ੍ਹੀ-ਮੁੱਛਾਂ ਆਦਿ ਦਾ ਖੰਡਨ ਕੀਤਾ ਹੋਇਆ ਹੁੰਦਾ ਹੈ ਭਾਵ ਇਹ ਕੀ ਜੋ ਸਿੱਖ ਹੋ ਕੇ ਵੀ ਆਪਣੀ ਸਾਬਤ-ਸੂਰਤ ਨੂੰ ਭਨਦੇ ਹਨ। ਓਹ ਹੀ ਲੋਕ ਸੰਸਾਰ ਦੇ ਸਭ ਤੋਂ ਕਰੂਪ ਮਨੁੱਖ ਵਿਖਾਈ ਦੇਂਦੇ ਹਨ!!

ਇਸ ਦ੍ਰਿਸ਼ਟੀ ਕੋਣ ਨੂੰ ਮੱਦੇਨਜ਼ਰ ਰਖ ਕੇ ਪਾਠਕਾਂ ਦੇ ਲਈ ਇਥੇ ਇਕ ਕਵਿਤਾ ਰੂਪ ਵਿਚ ਕੁਝ ਸਿੱਖ ਯੁਵਕਾਂ ਦਿਆਂ ਦਾੜ੍ਹੀਆਂ ਦੇ ਨਮੂਨਿਆਂ ਦਾ ਵਰਣਨ ਕਰ ਰਿਹਾ ਹਾਂ ਜੀ।

ਲੇਖਕ ਵਲੋਂ :-

**ਉਦਾਹਰਣ ਵਜੋਂ:-**

ਗੁਰਸਿੱਖਾਂ ਦੀ ਸੱਚੀ -ਸੁੱਚੀ ਪ੍ਰਕਾਸ਼ਮਾਨ ਹੈ ਦਾੜੀ।।

ਸ਼੍ਰੱਧਾਵਾਨ ਜਵਾਨਾਂ ਨੇ ਵੀ, ਜੈਲ-ਫਿਕਸੋ ਨਾਲ ਹੈ ਸਵਾਰੀ।।

ਮਨਮੁਖਾਂ ਦੀ ਦਾੜ੍ਹੀ ਐਂਦਾ ਦਿਖੇ, ਜਿਦਾਂ ਝੁਲਸੀ ਹੋਈ ਝਾੜੀ।।

ਬੇਮੁਖਾਂ ਨੇ ਦਾੜੀ ਤਿਖੇ ਕੰਡਿਆਂ ਵਾਂਗ ਹੈ ਵਿਗਾੜੀ।।

ਬੇਵਕੂਫਾਂ ਦੀ ਦਾੜੀ ਐਦਾਂ ਦਿਸੇ, ਜਿਦਾਂ ਮਿੱਠੇ ਉਪਰ ਚੀਟੀਆਂ।।

ਲੋਕ ਹਸਣ ਅਤੇ ਮਖੌਲ ਉਡਾਵਣ, ਵਿਅੰਗ ਵਿਚ ਵਜਾਵਣ ਸੀਟੀਆਂ।।

ਉਨ੍ਹਾਂ ਨੂੰ ਫਿਰ ਵੀ ਸ਼ਰਮ ਨ ਆਵੇ, ਲੋਕ ਲਾਜ ਤੋਂ ਅੱਖਾਂ ਮੀਟੀਆਂ।।

ਹੁਣ ਅਸੀ ਕੁਦਰਤ ਦੇ ਨਿਯਮਾਂ ਨੂੰ ਧਿਆਨ ਨਾਲ ਅਧਿਅਨ ਕਰਾਂਗੇ। ਕੁਦਰਤ ਨੇ ਬੱਚਿਆ ਨੂੰ ਦਾੜ੍ਹੀ-ਮੁੱਛਾਂ ਨਹੀਂ ਦਿਤੀਆਂ। ਜਦੋਂ ਨਰ ਬਾਲਕ ਪੂਰਣ ਨੌਜਵਾਨ ਹੁੰਦਾ ਹੈ ਤਾਂ ਉਸ ਨੂੰ ਦਾੜ੍ਹੀ-ਮੁੱਛਾ ਮਰਦਾਨੇ ਪਨ ਵਜੋਂ ਤੋਹਫੇ ਦੇ ਰੂਪ ਵਿਚ ਮਿਲਦੀਆਂ ਹਨ ਇਸ ਦੇ ਉਲਟ ਨਾਰੀ ਨੂੰ ਦਾੜੀ-ਮੁੱਛਾ ਕੁਦਰਤ ਨੇ ਨਹੀਂ ਦਿਤਿਆਂ। ਇਹ ਹੀ ਉਸ ਕੁਦਰਤ ਯਾ ਰਬ ਦਾ ਅਸੂਲ ਹੈ। ਸਾਨੂੰ ਉਸ ਕੁਦਰਤ ਦੇ ਅਸੂਲਾਂ ਨੂੰ ਸਮਝਣਾ ਚਾਹਿਦਾ ਹੈ ਅਤੇ ਉਸ ਨੂੰ ਸਵੀਕਾਰ ਕਰਦੇ ਹੋਏ ਉਸ ਦੀ ਖੁਸ਼ੀ ਵਿਚ ਪ੍ਰਸੰਨਚਿਤ ਰਹਿਣਾ ਚਾਹੀਦਾ ਹੈ।

ਪੁਲਿਸ ਸੁਪਰਡੈਂਟ:-ਆਪ ਦੇ ਜੁਗਾਤੀ ਪੂਰਣ ਤਰਕ ਮਨ ਨੂੰ ਬਹੁਤ ਪ੍ਰਭਾਵਿਤ ਕਰ ਗਏ ਹਨ। ਅਸਲ ਵਿਚ ਮੈਂਨੇ ਆਪ ਤੇ ਕੇਸਾਂ ਦੇ ਵਿਸ਼ੇ ਵਿਚ ਜੋ ਸੁਆਲ ਕੀਤੇ ਸਨ। ਓਹ ਸਭ ਇਕ ਜਗਿਆਸੂ ਬਣਕੇ ਕੀਤੇ ਸਨ। ਮੇਰਾ ਇਰਾਦਾ ਆਪ ਦਾ ਦਿਲ ਦੁਖਾਣਾ ਨਹੀਂ ਸੀ ਅਤੇ ਨਾ ਹੀ ਮੇਰਾ ਕੋਈ ਵਿਅੰਗ ਕਰਨ ਦਾ ਵਿਚਾਰ ਸੀ। ਸੱਚ ਇਹ ਹੈ ਕਿ ਮੈਂ ਆਪ ਦੀ ਤਰਕ ਸ਼ੀਲਤਾ ਤੋਂ

ਬਹੁਤ ਪ੍ਰਭਾਵਿਤ ਹੋਇਆ ਹਾਂ। ਹੁਣ ਬੇਨਤੀ ਇਹ ਹੈ ਕਿ ਕ੍ਰਿਪਾਕਰ ਕੇ ਤੁਸੀ ਇਸ ਵਿਸ਼ੇ ਤੇ ਇਕ ਕਿਤਾਬ ਲਿਖੋ ਜਿਸ ਵਿਚ ਕੇਸਾਂ ਦਾ ਮਹਤੱਵ ਮਨੁੱਖੀ ਸਮਾਜ ਦੇ ਸਾਹਮਣੇ ਪ੍ਰਗਟ ਹੋ ਸਕੇ। ਮੇਰਾ ਭਾਵ ਇਹ ਹੈ ਕਿ ਭਾਰਤ ਦੀ ਪ੍ਰਾਚੀਨ ਸਭਿਅਤਾ, ਕੁਦਰਤ ਦੇ ਨਿਅਮ ਅਤੇ ਸਿੱਖ ਸਿੱਧਾਤਾਂ ਦਾ ਸਹਿਜ ਵਿਚ ਅਧਿਅਨ ਕਰਵਾਉਣ ਲਈ 'ਕੇਸ ਗੋਸਠਿ' ਨਾਮ ਦੀ ਪੁਸਤਕ ਦੁਨੀਆਂ ਭਰ ਦੀਆਂ ਬੋਲੀਆਂ ਵਿਚ ਛਪਣੀ ਚਾਹੀਦੀ ਹੈ ਬੇਸ਼ਕ ਤੁਸੀ ਇਹ ਕਾਰਜ ਜਦੋਂ ਵੀ ਜੇਲ੍ਹ ਵਿੱਚੋਂ ਮੁਕਤ ਹੋਵੇ ਤਦ ਕਰਿਓ।

ਜਿਥੋਂ ਤੱਕ ਮੈਨੂੰ ਪੱਤਾ ਹੈ, ਸਾਡੇ ਪੁਰਵਜ, ਸਾਰੇ ਰਿਸ਼ੀ-ਮੁਨੀ ਅਤੇ ਅਵਤਾਰ ਇਤਿਆਦਿ, ਸਾਰੇ ਕੇਸਾਧਾਰੀ ਹੀ ਸਨ। ਮਹਾਂਭਾਰਤ ਯੁੱਧ ਕਾਲ ਤਕ ਪੂਰੇ ਸਬੂਤ ਮਿਲਦੇ ਹਨ ਕਿ ਭਾਰਤ ਦੀਆਂ ਸਾਰੀਆ ਸਵਰਣ ਜਾਤੀਆਂ ਕੇਸਾਧਾਰੀ ਹੀ ਸਨ। ਉਦਾਹਰਣ ਵਜੋਂ:- ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਸਾਲ੍ਹੇ ਰੁਕਮਨ ਦੀ ਮੌਤ ਦੀ ਸਜਾ ਆਪਣੀ ਪਤਨੀ ਰੁਕਮਣੀ ਦੀ ਸਿਫਾਰਿਸ਼ ਤੇ ਬਦਲ ਕੇ ਉਸ ਦੇ ਕੇਸ ਕੱਤਲ (ਖੰਡਨ) ਕਰਣ ਦਾ ਹੁਕਮ ਦੇ ਦਿਤਾ ਤਾਂ ਉਹ ਵੀਰ ਯੋੱਧਾ ਰੁਕਮਨ ਵੀ ਇਸ ਅਪਮਾਨ ਨੂੰ ਨ ਸਹਿਣ ਕਰ ਸਕਿਆ। ਉਹ ਆਤਿਮ ਗਲਾਨੀ ਤੋਂ ਦੁਖੀ ਹੋਕੇ ਚੀਕ ਉਠਿਆ ਅਤੇ ਉਸਨੇ ਆਪਣੀ ਭੈਣ ਨੂੰ ਕਹਿਆ-ਤੈ ਮੇਰੇ ਨਾਲ ਧ੍ਰੋਰ (ਦੁਸ਼ਮਣੀ) ਕਮਾਈਆ ਹੈ? ਤੂੰ ਮੇਰੀ ਭੈਣ ਨਹੀਂ, ਸ਼ਤਰੂ ਹੈ! ਤੈ ਮੇਰੀ ਜ਼ਿੰਦਗੀ ਨੂੰ ਬੱਚਾਉਂਣ ਲਈ, ਮੇਰੇ ਕੇਸ ਕਟਵਾ ਕੇ ਮੈਂਨੂੰ ਅਪਮਾਨਿਤ ਕਰਵਾਇਆ ਹੈ। ਇਸ ਲਈ ਮੈਂ ਜ਼ਿਦਗੀ ਭਰ ਆਪਣੇ ਆਪ ਨੂੰ ਲਾਹਣਤੀ ਸਮਝਾਗਾਂ।

ਹਾਂ ਮੈਂ ਮੰਨਦਾ ਹਾਂ ਕਿ ਤਹਾਡੇ ਕਹੇ ਅਨੁਸਾਰ ਨਾ ਜਾਣੇ ਸਾਡੀ ਸਭਿੱਅਤਾ ਵਿੱਚ ਕਦੋਂ ਤੋਂ ਇਹ ਤਰੁੱਟੀ ਆ ਗਈ ਹੈ ਕਿ ਅਸੀ ਸਾਰੇ ਭੇਡ-ਚਾਲ ਅਨੁਸਾਰ ਕੇਸਾਂ ਦਾ ਮੁੰਡਨ ਕਰਵਾਉਂਣ ਲਗ ਪਏਹਾਂ। ਅਸਲ ਵਿਚ ਬਹੁ-ਗਿਣਤੀ ਵਿਚ ਲੋਕ ਕੇਸਾਂ ਦਾ ਖੰਡਨ ਕਰਦੇ ਹਨ। ਇਸ ਲਈ ਉਨ੍ਹਾਂ ਕਦੇ ਕੁਦਰਤ ਤੇ ਨਿਯਮਾ ਨੂੰ ਸਮਝਣ ਅਤੇ ਖੋਜਣ ਦੀ ਕੋਸ਼ੀਸ਼ ਹੀ ਨਹੀਂ ਕੀਤੀ ਭਾਵ ਇਹ ਕਿ ਓਹ ਲੋਕ ਸਾਰੇ ਅੰਧਕਾਰਮਈ ਜੀਵਨ ਜੀ ਰਹੇ ਹਨ।

ਆਪ ਜੀ ਦਾ ਇਹ ਕਥਨ ਵੀ 'ਗੀਤਾ' ਦਾ ਸਾਰੰਸ਼ ਹੀ ਹੈ ਕਿ ਅਸੀ ਸ਼ਰੀਰ ਨਹੀਂ, ਇਕ

ਆਤਮਆ ਹਾਂ । ਸਿਰਫ ਸ਼ਰੀਰ ਹੀ ਮਰਦਾ ਹੈ, ਆਤਮਾ ਦੂਸਰਾ ਸਰੀਰ ਧਾਰਣ ਕਰ ਲੈਂਦੀ ਹੈ ਅਤੇ ਵਾਰ-ਵਾਰ ਇਹ ਹੀ ਨਿਅਮ ਚਲਦਾ ਰਹਿੰਦਾ ਹੈ। ਠੀਕ ਉਸੀ ਤਰ੍ਹਾਂ ਜਿਸ ਤਰ੍ਹਾਂ ਵਾਲ ਕਟਣੇ ਤੋਂ ਬਾਦ ਓਹ ਮੁੜ ਉੱਗਦੇ ਹੀ ਚਲੇ ਆਉਂਦੇ ਹਨ, ਜੇਕਰ ਨਾਂ ਕੱਟੇ ਜਾਵਣ ਤਾਂ ਇਕ ਖਾਸ ਲੰਬਾਈ ਤੱਕ ਵਦ ਕੇ ਹੋਰ ਵਦਣੋ ਰੁਕ ਜਾਦੇ ਹਨ ਅਤੇ ਮਰੇ ਹੋਏ ਵਾਲ ਆਪਣੇ -ਆਪ ਖੁਦ ਹੀ ਕੰਘੇ ਨਾਲ ਝੜ੍ਹਦੇ ਰਹਿੰਦੇ ਹਨ।

## ਸ਼ਹੀਦ ਭਗਤ ਸਿੰਘ ਅਤੇ ਭਾਈ ਰਣਧੀਰ ਸਿੰਘ ਜੀ ਦਾ ਮਿਲਣ

ਇਹ ਇੱਕ ਇਤਫਾਕ ਹੀ ਸੀ ਕਿ ਜਦੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਉਨ੍ਹਾਂ ਦੀ ਕੈਦ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾ ਵਾਪਸ ਪੰਜਾਬ ਦੀ ਮੁੱਖ ਜੇਲ ਲਾਹੌਰ ਲਿਆਇਆ ਗਿਆ ਤਾਂ ਉਨ੍ਹੀ ਦਿਨ੍ਹੀ ਸਰਦਾਰ ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਜਾ ਚੁੱਕੀ ਸੀ। ਉਹ ਫਾਂਸੀ ਲਗਣ ਦੀ ਪ੍ਰਕਿਆ ਵਿਚ ਲਗਣ ਵਾਲੇ ਸਮੇਂ ਕਰਕੇ ਲਾਹੌਰ ਜੇਲ ਵਿਚ ਇਕ ਖਾਸ ਕਾਲ ਕੋਠੜੀ ਵਿਚ ਕੈਦ ਸੀ। ਜਦੋਂ ਇਹ ਖ਼ਬਰ ਭਗਤ ਸਿੰਘ ਨੂੰ ਮਿਲੀ ਕਿ ਗੱਦਰ ਪਾਰਟੀ ਦੇ ਜੋਂਧੇ ਭਾਈ ਸਾਹਿਬ ਰਣਧੀਰ ਸਿੰਘ ਜੀ ਉਮਰ ਕੈਦ ਕੱਟ ਕੇ ਰਿਹਾਈ ਲਈ ਸੈਂਟ੍ਰਲ ਜੇਲ੍ਹ ਵਿਚ ਵਾਪਸ ਲਿਆਏ ਗਏ ਸਨ ਤਾਂ ਉਹ ਉਨ੍ਹਾਂ ਨੂੰ ਮਿਲਣ ਦੇ ਲਈ ਮਤਵਾਲਾ ਰਹਿਣ ਲਗਿਆ। ਉਸ ਨੇ ਇੰਕਲਾਬੀ ਬਣਨ ਤੋਂ ਪਹਿਲਾ ਉਨ੍ਹਾਂ ਦੀਆਂ ਦੇਸ਼ ਭਗਤੀ ਵਾਲਿਆ ਵਾਰਤਾਵਾਂ ਅਤੇ ਉੱਚ ਜੀਵਨ ਦੇ ਕਿੱਸੇ ਅਤੇ ਹੋਰ ਬਹੁਤ ਕੁਝ ਸੁਣਿਆ ਹੋਇਆ ਸੀ। ਇਸ ਲਈ ਉਹ ਚਾਹਣੇ ਲਗਾ ਕਿ ਮੈਂਨੂੰ ਫਾਂਸੀ ਲਗਣ ਤੋਂ ਪਹਿਲਾਂ ਜੇਕਰ ਉਨ੍ਹਾਂ ਦੇ ਨਾਲ ਸਿਰਫ ਇਕ ਵਾਰ ਮੁਲਾਕਾਤ ਕਰਵਾ ਦਿਤੀ ਜਾਵੇ। ਇਸ ਕਾਰਜ ਦੇ ਲਈ ਉਸ ਨੇ ਜੇਲ੍ਹਰ ਸਾਹਿਬ ਨੂੰ ਬੇਨਤੀ ਕੀਤੀ ਕਿ ਮੈਂਨੂੰ ਉਨ੍ਹਾਂ ਨਾਲ ਮਿਲਣ ਦਾ ਇਕ ਮੌਕਾ ਦਿਤਾ ਜਾਵੇ ਪਰ ਜੇਲ੍ਹਰ ਸਾਹਿਬ ਨੇ ਬੇਨਤੀ ਖਾਰਜ ਕਰ ਦਿਤੀ। ਇਹ ਹੀ ਬੇਨਤੀ ਜਦੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਤੱਕ ਪਹੁੰਚੀ ਤਾਂ ਉਨ੍ਹਾਂ ਭਗਤ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਉਸ ਪੁਰਾਣੇ ਸਰੂਪ ਵਿਚ ਵਾਪਸ ਆ ਜਾਵੇ। ਮੈਂ ਉਸ ਨੂੰ ਸਾਬੁਤ-ਸੂਰਤ ਦਸਤਾਰਧਾਰੀ ਪੁਰਖ ਦੇ ਰੂਪ ਵਿਚ ਵੇਖਣਾ ਚਾਹੁੰਦਾ ਹਾਂ।

ਜਲਦੀ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਰਿਹਾਈ ਦਾ ਹੁਕਮ ਆ ਗਿਆ ਉਨ੍ਹਾਂ ਦਿਨਾਂ ਵਿਚ ਜੇਲ੍ਹ ਦੇ ਬਾਹਰ ਸੰਗਤਾਂ ਉਨ੍ਹਾਂ ਦਾ ਸੁਆਗਤ ਕਰਣੇ ਦੇ ਲਈ ਇੰਤਜਾਰ ਵਿਚ ਖਲੋਤੀਆਂ ਰਹਿਣ ਲਗ ਗਈ ਆ ਸਨ। ਇਸ ਲਈ ਜੇਲ੍ਹਰ ਨੂੰ ਚਿੱਤਾ ਰਹਿਣ ਲਗੀ ਕਿ ਇਨਾਂ ਦੀ ਰਿਹਾਈ ਵਿਚ ਕੋਈ ਵਿਘਨ ਨ ਪੈ ਜਾਏ ਭਾਵ ਇਹ ਕਿ ਕੋਈ ਜਲੂਸ ਯਾ ਵਿਖਾਵੇ ਤੋਂ ਬੱਚਿਆ ਜਾਏ । ਇਸ ਲਈ ਕੇੜੀ ਤਰਕੀਬ ਵਰਤੀਆ ਜਾਏ। ਇਸ ਕਮ ਨੂੰ ਉਥੋਂ ਦੇ ਦਰੋਗੇ ਨੇ ਹੱਲ ਕਰ ਦਿਤਾ। ਉਸ ਦੀ ਸਲਾਹ ਅਨੁਸਾਰ ਜੇਲ੍ਹਰ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਰਿਹਾਈ ਤੋਂ ਪਹਿਲਾ ਭਗਤ ਸਿੰਘ ਦੀ ਕਾਲ ਕੋਠੜੀ ਤੇ ਭੇਜ ਦਿਤਾ ਜਦੋਂ ਇਹ ਗੱਲ ਭਗਤ ਸਿੰਘ ਨੂੰ ਪਤਾ ਲਗੀ ਤਾਂ ਉਹ ਖੁਸ਼ੀ ਵਿਚ ਝੂਮ ਉਠਿਆ। ਉਸ ਨੇ ਭਾਈ ਸਾਹਿਬ ਨੂੰ ਫਤਹਿ ਬੁਲਾ ਕੇ ਉਨ੍ਹਾਂ ਦਾ ਸੁਆਗਤ ਕੀਤਾ। ਇਸ ਪ੍ਰਕਾਰ ਵਿਚਾਰ ਵਟਾਂਦਰਾਂ ਸ਼ੁਰੂ ਹੋਇਆ । ਇਸ ਵਕਤ ਭਗਤ ਸਿੰਘ ਦੀਆਂ ਅੱਖਿਆਂ ਸੇਜਲ ਹੋ ਗਈਆ ਉਹ ਰੁਧਨ ਸੁਰ ਵਿਚ ਬੋਲਿਆ ਮੈਂ ਤਾਂ ਤੁਸਾਂ ਨਾਲ ਮੇਲ ਹੋਣ ਦੀ ਆਸ ਛਡ ਹੀ ਦਿਤੀ ਸੀ।

ਮੈਂਨੇ ਮੰਨ ਲਿਆ ਸੀ ਕਿ ਮੇਰੇ ਭਾਗਾਂ ਵਿਚ ਇਹ ਸਭ ਨਹੀਂ ਹੈ ਪਰ ਸੁਭਾਗ ਸਦਕਾ ਆਪ ਦੇ ਦਰਸ਼ਨ ਕਰ ਰਿਹਾ ਹਾਂ। ਤਦ ਉਸ ਕੁਝ ਸਮਾਂ ਭਾਵੁਕਤਾ ਵਿਚ ਸ਼ਾਂਤ ਰਹ ਕੇ ਕਟੇ, ਉਹ ਫਿਰ ਬੋਲਿਆ ਮੈਂਨੇ ਤੁਸਾਂ ਦੇ ਬਾਰੇ ਬਹੁਤ ਕੁਝ ਸੁਣਿਆ ਅਤੇ ਪੜ੍ਹਿਆ ਹੋਇਆ ਹੈ ਕਿ ਗੱਦਰ ਪਾਰਟੀ ਦੇ ਇੰਕਲਾਬੀ ਬਹੁਤ ਵਡੇ ਤਿਆਗੀ ਅਤੇ ਬਲੀਦਾਨੀ ਮਨੁੱਖ ਹਨ। ਓਹ ਨਿਸ਼ਕਾਮ, ਨਿਰਸਵਾਰਥ ਦੇਸ਼ ਭਗਤੀ ਦੀ ਭਾਵਨਾਵਾਂ ਨਾਲ ਓਤ-ਪ੍ਰੋਤ ਹੋਕੇ ਕਾਰਜ ਕਰਦੇ ਹਨ! ਮੈਂਨੇ ਆਪ ਲੋਕਾਂ ਤੋਂ ਹੀ ਪ੍ਰੇਰਣਾ ਲਈ ਸੀ ਪਰ ਮੇਰੇ ਸਾਰੇ ਕਮ ਵਿਚ ਸੁਆਥ ਦੀਆਂ ਭਾਵਨਾਵਾਂ ਪ੍ਰਬਲ ਹੁੰਦਿਆ ਸਨ। ਮੈਂ ਚਾਹੁੰਦਾ ਸਾ ਕਿ ਮੇਰਾ ਨਾਂ ਹੋਵੇ ਅਤੇ ਮੈਂਲੋਂ ਵਿਚ ਹਰ ਮਨਪਿਆਰਾ ਬੜ ਕੇ ਸਿਖਰਾਂ ਨੂੰ ਛੂਹਵਾਂ। ਇਹ ਕੰਮ ਤਾਂ ਹੋ ਗਿਆ। ਅਸਲ ਵਿਚ ਮੈਂ ਸੱਚਾਈ ਜਾਣਦਾ ਹਾਂ ਕਿ ਸਨ 1914-1915 ਵਾਲੇ ਇੰਕਲਾਬੀਆਂ ਦੇ ਮੁਕਾਬਲੇ ਮੇਰੇ ਸਾਰੇ ਕਮ ਤੁੱਛ ਹਨ। ਮੈਂ ਅਜ ਤੁਸਾਂ ਨੂੰ ਸੱਚਾਈ ਤੋਂ ਜਾਣੂ ਕਰਉਦਾ ਹਾਂ ਕਿ ਮੈਂਨੇ ਅੰਗ੍ਰੇਜ਼ ਅਵਸਰ ਸਾਂਡਰਸ ਦਾ ਕਤਲ ਨਹੀਂ ਕੀਤਾ ਸੀ। ਉਹ ਤਾਂ ਮੇਰੇ ਤੇ ਝੂਠਾ ਇਲਜ਼ਾਮ ਲਗਾ ਦਿਤਾ ਗਿਆ ਸੀ? ਜਿਸ ਨੂੰ ਮੈਂ ਮਸ਼ਹੂਰੀ ਮਿਲਣ ਦੇ

ਇਰਾਦੇ ਕਾਰਣ ਮਨ ਲਿਆ ਸੀ। ਮੈਂਨੂੰ ਇਸ ਕਾਂਡ ਤੋਂ ਬਹੁਤ ਜ਼ਿਆਦਾ ਪ੍ਰਾਪਤੀਆ ਹੋਣ ਦੀ ਆਸ ਸੀ। ਵੈਸੇ ਵੀ ਮੈਂ ਮੌਤ ਦੀ ਸਜਾ ਤੋਂ ਬਚ ਨਹੀਂ ਸੀ ਸਕਦਾ ਇਹ ਤਾ ਮੈਂਨੂੰ ਪਤਾ ਹੀ ਸੀ।

ਭਾਈ ਸਾਹਿਬ ਰਣਧੀਰ ਸਿੰਘ ਜੀ – ਪੁੱਤਰ ਜੀ ! ਤੁਸਾਂ ਆਪਣਾ ਅਮੁੱਲ ਖਜ਼ਾਨਾ 'ਸਿੱਖੀ ਸਰੂਪ' ਕਿਉਂ ਗੁਆ ਲਿਆ?

ਭਗਤ ਸਿੰਘ– ਮੈਂਨੂੰ ਇਸ ਮੂਰਖਤਾ ਤੇ ਬਹੁਤ ਦੁੱਖ ਹੈ। ਸਾਡੇ ਪਰਿਵਾਰ ਵਿਚ ਕਈ ਪੀੜ੍ਹੀਆ ਤੋਂ ਸਿੱਖੀ ਚਲੀ ਆ ਰਹੀ ਹੈ, ਮੈਂ ਪਰਮਪਰਾਗਤ ਸਿੰਘ ਹਾਂ। ਮੈਂਨੂੰ ਆਪ ਦੁਆਰਾ ਜੋ ਸੰਦੇਸ਼ ਮਿਲਿਆ ਹੈ, ਮੈਂ ਉਸ ਦੀ ਪਾਲਣਾ ਕਰਣ ਲਈ ਬਿਲਕੁਲ ਤਿਆਰ ਹਾਂ। ਮੈਂ ਫਿਰ ਤੋਂ ਸਿੱਖੀ ਸਰੂਪ ਧਾਰਣ ਕਰ ਲਵਾਂਗਾ। ਮੈਂ ਇਹ ਭਿਅੰਕਰ ਭੁਲ ਨਹੀਂ ਕਰਣਾਂ ਚਾਹੁੰਦਾ ਸਾ ਪਰ ਉਸ ਸਮੇਂ ਹਲਾਤ ਹੀ ਐਸੇ ਸਨ ਕਿ ਮੈਂਨੂੰ ਭੇਸ ਬਦਲਣ ਦੀ ਬਹੁਤ ਸਖ਼ਤ ਲੋੜ ਮਹਿਸੂਸ ਹੋ ਰਹੀ ਸੀ। ਵੈਸੇ ਮੈਂ ਇੱਕ ਸੰਨਿਆਸੀ ਦਾ ਸੁਆਂਗ ਧਾਰਣ ਕਰਨੇ ਦੀ ਕੋਸ਼ਿਸ ਵਿਚ ਸਾਂ ਪਰ ਮੇਰੇ ਦੋਸਤਾਂ ਦੀ ਜੁੰਡਲੀ ਨੇ ਮੈਂਨੂੰ ਗੁਮਰਾਹ ਕੀਤਾ। ਜਿਸ ਕਾਰਣ ਮੈਂ ਇਹ ਕੁਕਰਮ ਕਰਣ ਦੇ ਲਈ ਮਜਬੂਰ ਹੋ ਗਿਆ।

ਭਾਈ ਸਾਹਿਬ ਰਣਧੀਰ ਸਿੰਘ ਜੀ–ਤੇਰੇ ਕਹਿੰਣ ਅਨੁਸਾਰ, ਤੈਂਨੂੰ ਇਸ ਕੁਕਰਮ ਕਰ ਅਤੇ ਸਿੱਖੀ ਸਰੂਪ ਨੂੰ ਤਿਆਗਣ ਦਾ ਪਸ਼ਚਾਤਾਪ ਹੈ? ਤਾਂ ਫਿਰ ਮੁੜ ਉਸੀ ਖਾਲਸਾਈ ਸਰੂਪ ਨੂੰ ਕਿਉਂ ਨਹੀਂ ਧਾਰਣ ਕੀਤਾ?

ਭਗਤ ਸਿੰਘ–ਜੇਕਰ ਮੈਂ ਸਿੱਖੀ ਸਰੂਪ ਵਿਚ ਹੁੰਦਾ ਤਾਂ ਮੈਂਨੂੰ ਹਿੰਦੂਪ੍ਰੈਸ (ਮੀਡੀਆ) ਨੇ ਸਵੀਕਾਰ ਨਹੀਂ ਸੀ ਕਰਣਾ ਇਸ ਲਈ ਉਨ੍ਹਾਂ ਮੇਰੇ ਵਿਸ਼ੇ ਵਿਚ ਮੋਨ ਧਾਰਣ ਕਰ ਲੈਣੀ ਸੀ। ਜਿਸ ਤਰ੍ਹਾਂ ਕਿ ਆਪ ਲੋਕਾਂ ਦੇ ਨਾਲ ਹੋਇਆ ਹੈ। ਜੋ ਅੱਜ ਮੈਂਨੂੰ ਪ੍ਰਚਾਰ ਮਿਲਿਆ ਹੈ ਉਸ ਦਾ ਆਧਾਰ ਮੇਰਾ ਵਰਤਮਾਨ ਸਰੂਪ ਹੀ ਹੈ। ਮੈਂ ਵੀ ਚਾਹੁੰਦਾ ਸਾਂ ਕਿ ਕਿਸੀ ਕਾਰਣ ਤੋਂ ਵੀ ਹੋਵੇ, ਮੈਂਨੂੰ ਮਸ਼ਹੂਰੀ ਮਿਲੇ। ਅਸਲ ਵਿਚ ਮੈਂ ਮਾਣ–ਵਡਿਆਈਆਂ ਦਾ ਭੁੱਖਾ ਸਾਂ। ਦੂਸਰਾ ਕਾਰਣ ਇਹ ਵੀ ਰਿਹਾ ਹੈ ਕਿ ਮੇਰੇ ਦੋਸਤ ਲੋਕ ਮੈਂਨੂੰ ਜੋ ਅਜ ਮਾਣ–ਇਜ਼ਤ ਦੇਂਦੇ ਹਨ ਉਹ ਮੈਂਨੂੰ ਨਹੀਂ ਮਿਲਣੀ ਸੀ। ਮੈਂ ਇਕੱਲਾ ਹੀ ਰਹਿ ਜਾਣਾ ਸੀ। ਖਾਸ ਕਰਕੇ ਭੱਟ ਕੇਸ਼ਵਰ ਦੱਤ ਦਾ ਮੈਂਨੂੰ ਜੋ ਸਹਿਯੋਗ ਮਿਲਦਾ ਰਿਹਾ ਹੈ ਉਹ

ਕਦੇ ਨਹੀਂ ਸੀ ਮਿਲਣਾ ਭਾਈ ਸਾਹਿਬ ਰਣਧੀਰ ਸਿੰਘ ਜੀ- ਇਨ੍ਹਾਂ ਸਾਰੀਆਂ ਗੱਲਾਂ ਦਾ ਅਰਥ ਇਹ ਹੋਇਆ ਕਿ ਤੇਰਾ ਟੀਚਾ ਸਿਰਫ ਤੁੱਛ ਜੇਹੀ ਮਾਣ-ਵਡਿਆਈ ਪ੍ਰਾਪਤ ਕਰਣਾਂ ਸੀ ਨ ਕਿ ਦੇਸ਼ ਭਗਤੀ ਦੇ ਲਈ ਬਿਨਾਂ ਕਾਮਨਾ ਮਰ ਮਿਟਣਾ?

ਭਗਤ ਸਿੰਘ- ਮੈਂ ਮੰਨਦਾ ਹਾਂ ਕਿ ਸਾਡੇ ਟੀਚੇ ਬਹੁਤ ਹੀ ਤੁੱਛ ਸਨ। ਅਸੀ ਕਿਸੀ ਵੀ ਤਰ੍ਹਾਂ ਗਦਰ ਪਾਰਟੀ ਦੇ ਨੁਮਾਇਦਿਆਂ ਦੇ ਵਾਂਗ ਨਿਸ਼ਕਾਮ ਉੱਚੇ ਆਦਰਸ਼ ਵਾਦੀ ਨਹੀਂ ਸੀ। ਕਿਉਂਕਿ ਸਾਨੂੰ ਅਧਿਆਤਿਮਕ ਦੁਨੀਆਂ ਦੀ ਪ੍ਰਾਪਤੀਆਂ ਦੀ ਮਰਿਆਦਾ ਦਾ ਗਿਆਨ ਨਹੀਂ ਸੀ। ਮੇਰਾ ਸ਼ੁਭ ਕਰਮ ਹੁੰਦਾ ਜੇਕਰ ਮੈਂਨੂੰ ਆਪ ਜੀ ਦੀ ਸੰਗਤ ਵਿਚ ਰਹਿਣੇ ਦੇ ਲਈ ਕੁਝ ਦਿਨ ਮਿਲ ਜਾਂਦੇ। ਜਿਸ ਨਾਲ ਮੇਰੇ ਆਤਮਗਿਆਨ ਵਿਚ ਵਾਧਾ ਹੋ ਜਾਂਦਾ।

ਮੈਂ ਹੁਣ ਤੁਸਾਂ ਨੂੰ ਆਪਣੇ ਮਨ ਦਾ ਰਾਜ਼ ਦਸਣਾਂ ਚਾਹੁੰਦਾ ਹਾਂ ਕਿ ਮੈਂ ਕੁਸੋਬਤ ਕਾਰਣ ਨਾਸਤਿਕ ਹੋ ਗਿਆ ਹਾਂ। ਹੁਣ ਮੇਰੀ ਪ੍ਰਭੂ-ਪਰਮੇਸ਼ਵਰ ਦੀ ਹੋਂਦ ਵਿਚ ਆਸਥਾ ਹੀ ਨਹੀਂ ਰਹੀ!

ਭਾਈ ਰਣਧੀਰ ਸਿੰਘ ਜੀ- ਪੁੱਤਰ ਜੀ, ਮੈਂ ਤੇਰੀ ਸੱਚਾਈ ਅਤੇ ਸ਼ਪਸ਼ਟ ਵਾਦੀ, ਨਿਰਛਲ ਕਥਨੀ ਦਾ ਕਾਇਲ ਹੋ ਗਿਆ ਹਾਂ। ਹੁਣ ਮੈਂ ਤੈਂਨੂੰ ਕੇਸ ਧਾਰਣ ਕਰਣ ਦੇ ਲਈ ਮਜਬੂਰ ਨਹੀਂ ਕਰਾਗਾ। ਕਿਉਂਕਿ ਨਾਸਤਿਕ ਮਨੁੱਖ ਦੇ ਲਈ ਇਸ ਮਰਿਆਦਾ ਦਾ ਕੋਈ ਲਾਭ ਨਹੀਂ। ਮੇਰੀ ਕਾਮਨਾ ਇਹ ਹੈ ਕਿ ਤੂੰ ਮੌਤ ਦੀ ਸਜਾ ਤੋਂ ਪਹਿਲਾ ਆਸਤਿਕ ਹੋ ਜਾਵੇਂ ਤਾਕਿ ਪ੍ਰਭੂ ਚਰਣਾਂ ਵਿਚ ਤੈਨੂੰ ਥਾਂ ਮਿਲ ਸਕੇ। ਮੈਂ ਤੈਂਨੂੰ ਸਿਰਫ ਹੁਣ ਇਥੇ ਇਹ ਹੀ ਦਸਣਾਂ ਚਾਹਵਾਂਗਾ ਕਿ ਤੂੰ ਸਿਰਫ ਇਕ ਸ਼ਰੀਰ ਨਹੀਂ ਹੈ, ਅਸਲ ਵਿਚ ਤੂੰ ਇਕ ਆਤਮਾ ਵੀ ਹੈਂ ਜੋ ਇਸ ਸ਼ਰੀਰ ਅੰਦਰ ਵਸ ਰਹੀ ਹੈ। ਠੀਕ ਹੈ ਇਹ ਸ਼ਰੀਰ ਨਾਸਵਾਨ ਹੈ ਉਹ ਤਾਂ ਛੁਟ ਜਾਏਗਾ ਪਰ ਤੇਰੀ ਆਤਮਾ ਨੂੰ ਦੂਜਾ ਸ਼ਰੀਰ ਧਾਰਣ ਕਰਨਾ ਹੀ ਪਏਗਾ। ਤੂੰ ਬਾਰ-ਬਾਰ ਨਵੇਂ-ਨਵੇਂ ਸ਼ਰੀਰ ਧਾਰਣ ਕਰੇਂਗਾ, ਜਦੋਂ ਤਕ ਪ੍ਰਭੂ ਚਰਣਾਂ ਵਿਚ ਸਵੀਕਾਰ ਨਹੀਂ ਹੋ ਜਾਂਦਾ। ਇਸ ਪ੍ਰਕਾਰ ਆਵਾਗਮਨ ਦਾ ਚੱਕਰ ਚਲਦਾ ਹੀ ਰਹੇਗਾ।

ਇਹ ਸ਼ਬਦ ਬਹੁਤ ਭਾਵੁਕਤਾ ਵਿਚ ਕਹੇ ਗਏ ਸਨ। ਜਿਸ ਦਾ ਪ੍ਰਭਾਵ ਭਗਤ ਸਿੰਘ ਦੀ ਅੰਤਰ ਆਤਮਾ ਦੀ ਗਹਿਰਾਈ ਵਿਚ ਉੱਤਰ ਗਿਆ। ਉਹ ਬੇਸ਼ੁਧ ਅਵਸਥਾ ਵਿਚ, ਕੁਝ ਸਮਾਂ

ਗਹਿਨ ਵਿਚਾਰਾਂ ਵਿਚ ਗੁਆਚ ਗਿਆ। ਜਦੋਂ ਉਹ ਮੁੜ ਸੁਚੇਤ ਹੋਇਆ ਤਾਂ ਉਹ ਮੇਰੇ ਪੈਰਾਂ ਦੀ ਤਰਫ ਵਧਿਆ ਅਤੇ ਝੁਕ ਦੇ ਛੂਹਣ ਦੀ ਕੋਸ਼ਿਸ ਕਰਣ ਲਗਾ ਪਰ ਮੈਂਨੇ ਉਸ ਨੂੰ ਰੋਕ ਲਿਆ। ਇਸ ਤੇ ਉਹ ਬੋਲਿਆ।

ਭਗਤ ਸਿੰਘ- ਅੱਜ ਆਪ ਦੇ ਬਚਨਾਂ ਨੇ ਮੇਰੀ ਸੁੱਤੀ ਹੋਈ ਆਤਮਾ ਨੂੰ ਟੁੰਬਿਆ ਹੈ। ਉਸ ਉਪਰ ਚੜਿਆ ਹੋਇਆ ਝੂਠ ਦਾ ਪਜ ਉੱਤਰ ਗਿਆ ਹੈ। ਹੁਣ ਮੈਂਨੂੰ ਆਤਮਾ ਅਮਰ ਦ੍ਰਿਸਟਮਾਨ ਹੋ ਰਹੀ ਹੈ। ਆਤਮਾ-ਪ੍ਰਮਾਤਮਾ ਦਾ ਹੀ ਅੰਗ ਹੈ ਮੈਨੂੰ ਅਹਿਸਾਸ ਹੋ ਰਿਹਾ ਹੈ। ਮੈਂ ਪਹਿਲਾਂ ਸਿਰਫ ਵਿਖਾਵੇ ਮਾਤਰ ਦਾ ਹੀ ਵੀਰ-ਪੁਰਸ਼ ਬਣਨ ਦਾ ਢੋਂਗ ਕਰ ਰਿਹਾ ਸਾਂ ਅਸਲ ਵਿਚ ਮੈਂ ਮੌਤ ਦੀ ਸਜਾ ਤੋਂ ਭੈ-ਭੀਤ ਸਾਂ। ਮੇਰੇ ਅੰਦਰ ਡਰ ਸਮਾਇਆ ਰਹਿੰਦਾ ਸੀ ਕਿ ਮੈਂ ਮੌਤ ਤੋਂ ਬਾਅਦ ਮਿਟ ਜਾਵਾਂਗਾ। ਇਸ ਲਈ ਮੈਂ ਮਰਣਾ ਨਹੀਂ ਸੀ ਚਾਹੁੰਦਾ ਪਰ ਹੁਣ ਮੈਂ ਸੱਚ-ਮੁੱਚ ਵੀਰ ਪੁਰਖ ਬਣ ਗਿਆ ਹਾਂ। ਤੁਹਾਡੇ ਬਚਨਾਂ ਨੇ ਮੈਂਨੂੰ ਨਵਾਂ ਜੀਵਨ ਦਾਨ ਵਜੋਂ ਦਿਤਾ ਹੈ। ਹੁਣ ਮੈਂ ਖੁਸ਼ੀ-ਖੁਸ਼ੀ ਫਾਂਸੀ ਦਾ ਰੱਸਾ ਚੁਮ ਸਕਾਗਾਂ।

ਹੁਣ ਇਹ ਤੁਹਾਡਾ ਬੇਟਾ ਭਗਤ ਸਿੰਘ ਆਸਤਿਕ ਬਣ ਗਿਆ ਹੈ। ਮੈਂ ਹੁਣ ਆਪਣੇ ਪੁਰਾਣੇ ਸਿੱਖੀ ਸਰੂਪ ਵਿਚ ਵਾਪਸ ਮਨ ਕਰਕੇ ਪਰਤ ਆਵਾਂਗਾ। ਮੌਤ ਦੀ ਸਜਾ ਤੋਂ ਬਾਅਦ ਜੋ ਵੀ ਰੱਬ ਦੀ ਮਰਜ਼ੀ ਅਨੁਸਾਰ ਸ਼ਰੀਰ ਧਾਰਣ ਕਰਾਂ ਪਰ ਉਸ ਸਮੇਂ ਮੈਂ ਗੁਰੂ ਚਰਣਾਂ ਦਾ ਸੇਵਕ ਬਣ ਕੇ ਵਿਚਰਣ ਕਰਾਂਗਾ ਅਤੇ ਚੜ੍ਹਦੀ ਕਲਾਂ ਵਿੱਚ ਰਹਾਂਗਾਂ।

**समाप्त**

**अनुवाद कर्त्ता**

**जसबीर सिंघ     फोन: 099881-60484**

**Type Setting : Radheshyam Choudhary**

**Mob.: 098149-66882**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ੂਰ ਦੇਖੋ ਅਤੇ ਪੜ੍ਹੋ ਜੀ।

## इस वैब साईट की विशेषता

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਬੰਧਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਿਸਾਉਂਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁੱਟਨੋਟ) ਜੋ ਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਦਿਆਂ ਹਨ।

ਨੋਟ :- ਇਹ ਕੰਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਂਕਿ ਉਹ ਸਹਿਜੇ ਹੀ ਅਪਣਾਂ ਇਤਿਹਾਸ ਜਾਣ ਸਕਣ। ਮੈਂਨੂੰ ਉਮੀਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧੀ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧੀ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪਣੀਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਊਜ਼ਿਮ ਤੇ ਜ਼ਰੂਰੀ ਕਲਿਕ ਕਰੋਜੀ।

नोट :-

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾਂ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बांट सकते हैं।

**Download Free**